# ਯੋਗ ਬਜ਼ੁਰਗਾਂ ਲਈ ਦੰਦਾਂ ਦੀ ਮੁਫਤ ਰੁਟੀਨ ਦੇਖਭਾਲ

ਉਨਟਾਰੀਓ ਸੀਨੀਅਰਜ਼ ਡੈਂਟਲ ਕੇਅਰ ਪ੍ਰੋਗਰਾਮ (OSDCP ਓ ਐੱਸ ਡੀ ਸੀ ਪੀ) ਯੋਗਤਾ ਪੂਰੀ ਕਰਨ ਵਾਲੇ ਸਾਰੇ ਬਜ਼ੁਰਗਾਂ ਨੂੰ ਦੰਦਾਂ ਦੀ ਉੱਚ ਪੱਧਰੀ ਦੇਖਭਾਲ ਪ੍ਰਦਾਨ ਕਰਦਾ ਹੈ।

### ਕੌਣ ਯੋਗ ਹੈ?

ਤੁਸੀਂ ਯੋਗ ਹੋ ਸਕਦੇ ਹੋ ਜੇ:

- ਤੁਸੀਂ 65 ਸਾਲ ਦੇ ਹੋ ਜਾਂ ਵੱਧ ਉਮਰ ਦੇ ਹੋ
- ਤੁਸੀਂ ਉਨਟਾਰੀਓ ਦੇ ਵਸਨੀਕ ਹੋ
- ਤੁਸੀਂ ਇਕੱਲੇ ਸੀਨੀਅਰ ਹੋ ਅਤੇ ਤੁਹਾਡੀ ਕੁੱਲ ਸਲਾਨਾ ਆਮਦਨ $25,480 ਜਾਂ ਘੱਟ ਹੈ ਅਤੇ ਜੋੜਿਆਂ ਲਈ ਇਹ ਕੁੱਲ ਸਲਾਨਾ ਆਮਦਨ $42,290 ਜਾਂ ਘੱਟ ਹੈ
- ਤੁਹਾਡੇ ਕੋਲ ਕੈਨੇਡੀਅਨ ਡੈਂਟਲ ਕੇਅਰ ਪਲੈਨ (CDCP ਸੀ ਡੀ ਸੀ ਪੀ) ਤੋਂ ਬਿਨਾਂ ਕਿਸੇ ਕਿਸਮ ਦੀ ਪ੍ਰਾਈਵੇਟ ਇਨਸ਼ੋਰੈਂਸ ਜਾਂ ਉਨਟਾਰੀਓ ਵਰਕਸ, ਉਨਟਾਰੀਓ ਡਿਸਏਬਲਟੀ ਸੁਪੋਰਟ ਪ੍ਰੋਗਰਾਮ ਜਾਂ ਨੌਨ-ਇਨਸ਼ੋਅਰਡ ਹੈਲਥ ਬੈਨੇਫਿਟਸ ਵਰਗੇ ਸਰਕਾਰ ਦੇ ਕਿਸੇ ਹੋਰ ਪ੍ਰੋਗਰਾਮ ਅਧੀਨ ਡੈਂਟਲ ਕਵਰੇਜ ਦੇ ਸਮੇਤ ਹੋਰ ਕਿਸੇ ਕਿਸਮ ਦੇ ਦੰਦਾਂ ਦੇ ਲਾਭ (ਡੈਂਟਲ ਬੈਨੇਫਿਟਸ) ਨਹੀਂ ਹਨ। ਹੋ ਸਕਦਾ ਹੈ ਕਿ ਕਲਾਇੰਟ ਸੀ ਡੀ ਸੀ ਪੀ ਦੇ ਯੋਗ ਹੋਵੇ, ਅਤੇ ਫਿਰ ਵੀ ਉਹ ਓ ਐੱਸ ਡੀ ਸੀ ਪੀ ਦਾ ਹੱਕਦਾਰ ਹੋ ਸਕਦਾ ਹੈ ਜੇ ਉਹ ਯੋਗ ਹੋਣ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ।

### ਮੈਨੂੰ ਦੰਦਾਂ ਦੀ ਦੇਖਭਾਲ ਕਿੱਥੇ ਮਿਲ ਸਕਦੀ ਹੈ?

ਦੰਦਾਂ ਦੀ ਦੇਖਭਾਲ ਦੀਆਂ ਸੇਵਾਵਾਂ ਪਬਲਿਕ ਹੈਲਥ ਯੂਨਿਟਸ (ਪੀ ਐੱਚ ਯੂ) ਅਤੇ ਭਾਗੀਦਾਰ ਕਮਿਉਨਿਟੀ ਹੈਲਥ ਕੇਂਦਰਾਂ (ਸੀ. ਐੱਚ. ਸੀ.), ਐਬੋਰਿਜੀਨਲ ਹੈਲਥ ਐਕਸੈੱਸ ਸੈਂਟਰ (ਏ. ਐੱਚ. ਏ. ਸੀ.) ਦੇ ਨਾਲ ਨਾਲ ਕੁੱਝ ਖੇਤਰਾਂ ਵਿੱਚ ਮੋਬਾਈਲ ਦੰਦਾਂ ਦੇ ਕਲੀਨਿਕਾਂ ਰਾਹੀਂ ਦਿੱਤੀਆਂ ਜਾਂਦੀਆਂ ਹਨ।

### ਕਿਹੜੀਆਂ ਸੇਵਾਵਾਂ ਸ਼ਾਮਲ ਹਨ?

- ਜਾਂਚਾਂ ਅਤੇ ਮੁਲਾਂਕਣ
- ਰੋਕਥਾਮ ਸੇਵਾਵਾਂ
- ਟੁੱਟੇ ਦੰਦਾਂ ਅਤੇ ਕੈਵਟੀਜ਼ ਦੀ ਸੰਭਾਲ ਕਰਨ ਲਈ ਸੇਵਾਵਾਂ
- ਦੰਦਾਂ ਜਾਂ ਅਸਧਾਰਨ ਟਿਸ਼ੂਆਂ ਨੂੰ ਹਟਾਉਣ ਲਈ ਮੂੰਹ ਦੀ ਸਰਜਰੀ
- ਐਕਸਰੇ
- ਅਨੱਸਥੀਸੀਆ
- ਲਾਗ ਅਤੇ ਦਰਦ ਦੇ ਇਲਾਜ ਲਈ ਐਂਡੋਡੌਂਨਟਿਕ ਸੇਵਾਵਾਂ
- ਮਸੂੜਿਆਂ ਦੀਆਂ ਸਥਿਤੀਆਂ ਅਤੇ ਬਿਮਾਰੀਆਂ ਦੇ ਇਲਾਜ ਲਈ ਸੇਵਾਵਾਂ।

### ਦੰਦਾਂ ਦੀਆਂ ਬੀੜਾਂ ਬਾਰੇ ਕੀ?

ਪ੍ਰੋਸਟੋਡੌਂਨਟਿਕ ਸੇਵਾਵਾਂ, ਨਕਲੀ ਦੰਦਾਂ ਸਮੇਤ, ਅਸ਼ੰਕ ਤੌਰ ਤੇ ਕਵਰ ਕੀਤੀਆਂ ਜਾਣਗੀਆਂ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਆਪਣੀ ਸਥਾਨਕ ਪਬਲਿਕ ਹੈਲਥ ਯੂਨਿਟ ਨਾਲ ਗੱਲ ਕਰੋ।

### ਮੈਂ ਅਰਜ਼ੀ ਕਿਵੇਂ ਦੇਵਾਂ?

ਉਨਟਾਰੀਓ ਸੀਨੀਅਰਜ਼ ਡੈਂਟਲ ਕੇਅਰ ਪ੍ਰੋਗਰਾਮ ਲਈ ਅਰਜ਼ੀ ਦੇਣ ਲਈ ਬਹੁਤ ਸਾਰੀਆਂ ਚੋਣਾਂ ਉਪਲਬਧ ਹਨ:

- **ontario.ca/SeniorsDental** 'ਤੇ ਜਾ ਆਨਲਾਈਨ ਅਰਜ਼ੀ ਦਿਉ
- ਆਪਣੀ ਅਰਜ਼ੀ ਨੂੰ ਪ੍ਰਿੰਟ ਕਰੋ, ਭਰੋ ਅਤੇ ਡਾਕ ਰਾਹੀਂ ਭੇਜੋ
- ਆਪਣਾ ਅਰਜ਼ੀ ਫਾਰਮ ਲੈਣ ਲਈ ਜਾਂ ਆਪਣੀ ਅਰਜ਼ੀ ਨੂੰ ਪੂਰਾ ਕਰਨ ਵਿੱਚ ਸਹਾਇਤਾ ਪ੍ਰਾਪਤ ਕਰਨ ਲਈ ਆਪਣੀ ਸਥਾਨਕ ਪਬਲਿਕ ਹੈਲਥ ਯੂਨਿਟ ਜਾਂ ਹਿੱਸਾ ਲੈ ਰਹੇ ਸੀ ਐੱਚ ਸੀ ਜਾਂ ਏ ਐੱਚ ਏ ਸੀ 'ਤੇ ਜਾਉ।

### ਜੇ ਮੈਨੂੰ ਮਨਜ਼ੂਰੀ ਮਿਲ ਜਾਵੇ ਤਾਂ ਕੀ ਹੋਵੇਗਾ?

ਇਕ ਵਾਰ ਤੁਹਾਡੀ ਅਰਜ਼ੀ ਨੂੰ ਮਨਜ਼ੂਰੀ ਮਿਲ ਜਾਣ ਤੋਂ ਬਾਅਦ, ਤੁਹਾਨੂੰ ਵੈਲਕਮ ਪੈਕਜ ਅਤੇ ਡੈਂਟਲ ਕਾਰਡ ਭੇਜਿਆ ਜਾਵੇਗਾ। ਸੇਵਾਵਾਂ ਪ੍ਰਾਪਤ ਕਰਨ ਲਈ, ਇਸ ਕਾਰਡ ਨੂੰ ਪਬਲਿਕ ਹੈਲਥ ਯੂਨਿਟ, ਕਮਿਉਨਿਟੀ ਹੈਲਥ ਸੈਂਟਰ ਜਾਂ ਐਬੋਰਿਜੀਨਲ ਹੈਲਥ ਐਕਸੈਸ ਸੈਂਟਰ ਨੂੰ ਪੇਸ਼ ਕਰੋ।

ਪ੍ਰੋਗਰਾਮ ਵਿੱਚ ਤੁਹਾਡੀ ਨਿਰੰਤਰ ਭਾਗੀਦਾਰੀ ਲਈ ਤੁਹਾਡੀ ਯਗਤਾ ਬਾਰੇ ਤੁਹਾਨੂੰ ਹਰ ਸਾਲ ਸੂਚਿਤ ਕੀਤਾ ਜਾਵੇਗਾ, ਜਾਂ ਜੇ ਜ਼ਰੂਰਤ ਹੋਏ ਤਾਂ ਪ੍ਰੋਗਰਾਮ ਵਿੱਚ ਦੁਬਾਰਾ ਕਿਵੇਂ ਅਰਜ਼ੀ ਦੇਣੀ ਹੈ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ।

### ਅਤੇ ਜੇ ਮੈਨੂੰ ਮਦਦ ਦੀ ਲੋੜ ਹੋਵੇ?

ਕਾਲ 416-916-0204
ਟੋਲ ਫ੍ਰੀ 1-833-207-4435
ਟੀ ਟੀ ਵਾਏ 1-800-855-0511

Ontario

**PUNJABI** – FREE ROUTINE DENTAL CARE FOR ELIGIBLE SENIORS. Publication No. (300074). ISBN 978-1-4868-5413-4, PDF. Updated August 2026. © King's Printer for Ontario, 2024.